**Shikshan Sanshodhan : Journal of Arts, Humanities and Social Sciences** ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 2, FEB - 2022 Publication Date: 28/02/2022

DOIs:10.2018/SS/202202012 --:-- Research Article

# ਕਹਾਣੀ 'ਮਾਵਾਂ ਧੀਆਂ' : ਆਲੋਚਨਾਤਮਕ ਅਧਿਐਨ

**ਡਾ. ਰਤਨਦੀਪ ਕੌਰ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਦਿਆਲ ਸਿੰਘ ਕਾਲਜ, ਨਵੀਂ ਦਿੱਲੀ
Email - rattandeepkaur.punjabi@dsc.du.ac.in

**Abstract:** *ਕੁਲਵੰਤ ਸਿੰਘ ਵਿਰਕ ਆਮ ਜ਼ਿੰਦਗੀ ਦੇ ਆਮ ਜਿਹੇ ਪਾਤਰਾਂ ਨੂੰ ਵੀ ਆਪਣੀ ਕਹਾਣੀ ਵਿਚ ਬੜੇ ਮਨੋਵਿਗਿਆਨਕ ਢੰਗ ਨਾਲ ਪੇਸ਼ ਕਰਦਾ ਹੈ।ਕਹਾਣੀ 'ਮਾਵਾਂ ਧੀਆਂ' ਵਿਚਲੇ ਤਿੰਨੇ ਮੁੱਖ ਪਾਤਰ ਆਮ ਜ਼ਿੰਦਗੀ ਵਿਚ ਵਿਚਰਣ ਦੇ ਬਾਵਜੂਦ ਵੀ ਪਾਠਕ ਨੂੰ ਸੋਚਣ 'ਤੇ ਮਜਬੂਰ ਕਰ ਦਿੰਦੇ ਹਨ।ਕਹਾਣੀਕਾਰ ਇਕ ਮਾਂ ਅਤੇ ਧੀ ਦੀ ਕਹਾਣੀ ਰਾਹੀਂ ਸਮਾਜ ਵਿਚ ਪਨਪ ਰਹੇ ਜਾਤੀਵਾਦ, ਜਿਨਸੀ ਮਸਲਿਆਂ, ਆਰਥਿਕ ਮੰਦਹਾਲੀ, ਗਰੀਬਾਂ ਦਾ ਸ਼ੋਸ਼ਣ ਮਰਿਆਦਾ ਦਾ ਢੌਂਗ, ਪਾਤਰਾਂ ਦੀ ਮਾਨਸਿਕ ਦੁਚਿੱਤੀ ਆਦਿ ਵਰਗੀਆਂ ਵੱਡੀਆਂ ਸਮੱਸਿਆਵਾਂ ਨੂੰ ਬਹੁਤ ਹੀ ਸਹਿਜ ਅਤੇ ਆਸਾਨ ਲਫਜ਼ਾਂ ਵਿਚ ਬਿਆਨ ਕਰਦਾ ਹੋਇਆ ਵੀ ਸਾਡੀ ਸੋਚ ਨੂੰ ਝਕਝੋੜ ਕੇ ਰੱਖ ਦਿੰਦਾ ਹੈ।*

**Key Words:** *ਕੁਲਵੰਤ ਸਿੰਘ ਵਿਰਕ, ਮਾਵਾਂ ਧੀਆਂ, ਨਿੱਕੀ ਕਹਾਣੀ, ਅਲੋਚਨਾ।*

ਪੰਜਾਬੀ ਕਹਾਣੀ ਦੇ ਖੇਤਰ ਵਿਚ ਕੁਲਵੰਤ ਸਿੰਘ ਵਿਰਕ ਇਕ ਮੰਨਿਆ ਪਰਮੰਨਿਆ ਨਾਮ ਹੈ। ਇਹਨਾਂ ਨੇ ਆਪਣੀ ਕਹਾਣੀ ਲੇਖਣ ਦੀ ਸ਼ੁਰੂਆਤ ਇਕ ਅੰਗ੍ਰੇਜ਼ੀ ਕਹਾਣੀ ਲਿਖ ਕੇ ਕੀਤੀ, ਜੋ ਕਿ ਇਹਨਾਂ ਨੇ ਐਮ.ਏ.ਉਰਦੂ ਕਰਦੇ ਹੋਏ ਲਿਖੀ ਸੀ। ਪੰਜਾਬੀ ਕਹਾਣੀ ਲੇਖਣ ਦੀ ਸ਼ੁਰੂਆਤ ਇਹਨਾਂ ਨੇ ਚਾਚਾ ਕਹਾਣੀ ਨਾਲ ਕੀਤੀ, ਜੋ ਕਿ ਨਵੰਬਰ 1944 ਵਿਚ ਪ੍ਰਕਾਸ਼ਿਤ ਹੋਈ। ਇਹਨਾਂ ਦਾ ਪਹਿਲਾ ਕਹਾਣੀ ਸੰਗ੍ਰਿਹ ਛਾਂ ਵੇਲਾ 1950 ਵਿਚ ਪ੍ਰਕਾਸ਼ਿਤ ਹੋਇਆ ਅਤੇ ਉਸਤੋਂ ਬਾਅਦ ਹੋਰ ਬਹੁਤ ਸਾਰੀਆਂ ਕਹਾਣੀਆਂ ਵੱਖ ਵੱਖ ਕਹਾਣੀ ਸੰਗ੍ਰਿਹਿਆਂ ਵਿਚ ਛੱਪੀਆਂ। ਆਪਣੇ ਜੀਵਨ ਕਾਲ ਦੌਰਾਨ, ਇਹਨਾਂ ਨੂੰ ਕਈ ਇਨਾਮਾਂ ਨਾਲ ਨਵਾਜਿਆ ਗਿਆ।

ਇਹਨਾਂ ਨੇ ਆਪਣੀ ਕਹਾਣੀ ਚਾਚਾ ਵਿਚ ਜੋ ਮਿਆਰ ਕਾਇਮ ਕੀਤਾ ਉਹ ਚਾਚਾ ਤੋਂ ਸ਼ੁਰੂ ਹੋ ਕੇ ਇਹਨਾ ਦੀ ਆਖਰੀ ਕਹਾਣੀ ਤਕ ਕਾਇਮ ਰਿਹਾ। ਸ਼ਾਇਦ ਇਹੀ ਕਾਰਣ ਹੈ ਕਿ ਅਜੀਤ ਕੌਰ ਨੇ ਕੁਲਵੰਤ ਸਿੰਘ ਵਿਰਕ ਨੂੰ ਨਿੱਕੀ ਕਹਾਣੀ ਦਾ ਬਾਦਸ਼ਾਹ ਅਤੇ ਪ੍ਰੇਮ ਪ੍ਰਕਾਸ਼ ਨੇ ਪੰਜਾਬੀ ਕਹਾਣੀ ਦੀ ਇਕੋ ਇਕ ਪ੍ਰਾਪਤੀ ਕਿਹਾ।

ਕੁਲਵੰਤ ਸਿੰਘ ਵਿਰਕ ਦੀ ਖਾਸੀਅਤ ਇਸ ਗੱਲ ਵਿਚ ਹੈ ਕਿ ਉਹ ਆਮ ਜ਼ਿੰਦਗੀ ਦੇ ਆਮ ਜਿਹੇ ਪਾਤਰਾਂ ਨੂੰ ਵੀ ਆਪਣੀ ਕਹਾਣੀ ਵਿਚ ਬੜੇ ਮਨੋਵਿਗਿਆਨਕ ਢੰਗ ਨਾਲ ਪੇਸ਼ ਕਰਦਾ ਹੈ। ਸ਼ਾਇਦ ਇਹੀ ਕਾਰਣ ਹੈ ਕਿ ਵਿਰਕ ਦੀਆਂ ਕਹਾਣੀਆਂ ਆਮ ਜਿਹੀਆਂ ਹੋ ਕੇ ਵੀ ਖਾਸ ਹਨ। ਕੁਲਵੰਤ ਸਿੰਘ ਵਿਰਕ ਦਾ ਕਹਾਣੀ ਕਹਿਣ ਦਾ ਅੰਦਾਜ਼ ਸਾਨੂੰ ਪੇਸ਼ ਸਮੱਸਿਆ ਅਤੇਕਹਾਣੀ ਦੇ ਵਿਸ਼ੇ ਬਾਰੇ ਸੋਚਣ ਤੇ ਮਜਬੂਰ ਕਰ ਦਿੰਦਾ ਹੈ। ਫਲਸਰੂਪ ਪਾਠਕ ਉਸੇ ਤਰ੍ਹਾਂ ਸੋਚਣ ਤੇ ਮਜਬੂਰ ਹੋ ਜਾਂਦਾ ਹੈ ਜਿਵੇਂ ਕਿ ਲੇਖਕ ਨੇ ਸੋਚਿਆ ਸੀ।

ਕਹਾਣੀ 'ਮਾਵਾਂ ਧੀਆਂ' ਵਿਚ ਵੀ ਤਿੰਨੇ ਮੁੱਖ ਪਾਤਰ ਵੀ ਆਮ ਜ਼ਿੰਦਗੀ ਵਿਚ ਵਿਚਰ ਰਹੇ ਹਨ। ਉਹਨਾਂ ਦੀ ਉਮੱਸਿਆ ਵੀ ਸਾਡੇ ਸਮਾਜਕ ਜੀਵਨ ਵਿਚੋਂ ਹੀ ਹੈ ਪਰ ਵਿਰਕ ਦਾ ਕਹਾਣੀ ਬਿਆਨ ਕਰਣ ਦਾ ਅੰਦਾਜ਼ ਉਹਨਾਂ ਦੀ ਆਮ ਜਿਹੀ ਕਹਾਣੀ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਪਾਠਕ ਹਰ ਮੌਕੇ ਉੱਤੇ ਕਹਾਣੀ ਦੇ ਪਲਾਟ ਬਾਰੇ ਸੋਚਣ ਤੇ ਮਜਬੂਰ ਹੋ ਜਾਂਦਾ ਹੈ।

ਕਹਾਣੀਕਾਰ ਇਕ ਮਾਂ ਅਤੇ ਧੀ ਦੀ ਕਹਾਣੀ ਰਾਹੀਂ ਸਮਾਜ ਵਿਚ ਪਨਪ ਰਹੇ ਜਾਤੀਵਾਦ, ਜਿਨਸੀ ਮਸਲਿਆਂ, ਆਰਥਿਕ ਮੰਦਹਾਲੀ, ਗਰੀਬਾਂ ਦਾ ਸ਼ੋਸ਼ਣ ਮਰਿਆਦਾ ਦਾ ਢੌਂਗ, ਪਾਤਰਾਂ ਦੀ ਮਾਨਸਿਕ ਦੁਚਿੱਤੀ ਆਦਿ ਵਰਗੀਆਂ ਵੱਡੀਆਂ ਸਮੱਸਿਆਵਾਂ ਨੂੰ ਬਹੁਤ ਹੀ ਸਹਿਜ ਅਤੇ ਆਸਾਨ ਲਫਜ਼ਾਂ ਵਿਚ ਬਿਆਨ ਕਰਦਾ ਹੋਇਆ ਵੀ ਸਾਡੀ ਸੋਚ ਨੂੰ ਝਕਝੋੜ ਕੇ ਰੱਖ ਦਿੰਦਾ ਹੈ।

ਕਹਾਣੀ ਘਰਾਂ ਵਿਚ ਕੰਮ ਕਰਣ ਵਾਲੀ ਦੋ ਚੂਹੜੀਆਂ ਦੁਆਲੇ ਕੇਂਦਰਿਤ ਕੀਤੀ ਗਈ ਹੈ। ਕਹਾਣੀ ਦੇ ਮੈਂ ਪਾਤਰ ਦੇ ਘਰ ਕੁਝ ਸਾਲ ਪਹਿਲੇ ਜੋ ਚੂਹੜੀ ਕੰਮ ਕਰਦੀ ਹੈ , ਮੌਜੂਦਾ ਸਮੇਂ ਵਿਚ ਉਸ ਦੀ ਬੇਟੀ ਕੰਮ ਕਰਦੀ ਹੈ। ਕਹਾਣੀ ਦੀ ਸ਼ੁਰੂਆਤ ਹੀ ਮੈਂ ਪਾਤਰ ਦੇ ਔਰਤਾਂ ਪ੍ਰਤੀ ਆਕਰਸ਼ਣ ਦੇ ਬਿਆਨ ਨਾਲ ਹੁੰਦੀ ਹੈ। ਉਹ ਹਰ ਖੂਬਸੂਰਤ ਔਰਤ ਨਾਲ ਡੂੰਘਾ ਮੇਲਜੋਲ ਰਖੱਣਾ ਚਾਹੁੰਦਾ ਹੈ ਪਰ ਇੱਥੇ ਇਹ ਮੇਲਜੋਲ ਸ਼ਬਦ ਵੀ ਪ੍ਰਤੀਕਾਤਮਕ ਰੂਪ ਵਿਚ ਪਾਤਰ ਦੀ ਨਾਜਾਇਜ਼ ਜਿਨਸੀ ਲੋੜਾਂ ਪ੍ਰਤੀ ਸੰਕੇਤ ਕਰਦਾ ਹੈ। ਇਸ ਸੰਦਰਭ ਵਿਚ ਕਹਾਣੀ ਦੀਆਂ ਹੇਠ ਲਿਖੀਆਂ ਸੱਤਰਾਂ ਮਹਿਤੱਵਪੂਰਣ ਹਨ:

> ਕਿਸੇ ਜਵਾਨ ਇਸਤਰੀ ਨਾਲ ਓਪਰਾ ਓਪਰਾ ਮੇਲਜੋਲ ਮੈਨੂੰ ਬਹੁਤ ਤਲਖ਼ੀ ਕਰਦਾ ਏ। ਜਾਂ ਤੇ ਡੂੰਘਾ ਹੋਵੇ, ਜਾਂ ਫਿਰ ਉਹ ਮੱਥੇ ਹੀ ਨਾ ਲੱਗੇ।[i]

ਇਸਤਰੀ ਨਾਲ ਗੱਲਬਾਤ ਸ਼ੁਰੂ ਹੋ ਜਾਣ ਤੇ ਵੀ ਉਹ ਇਕ ਤਰ੍ਹਾਂ ਦੀ ਸੰਤੁਸ਼ਟੀ ਅਤੇ ਜਿੱਤ ਦਾ ਅਹਿਸਾਸ ਮਹਿਸੂਸ ਕਰਦਾ ਹੈ:

ਸਾਡੀ ਗੱਲ ਬਾਤ ਟੁੱਰ ਪੈਣ ਕਰ ਕੇ ਮੇਰੇ ਮਨ ਉਤੋਂ ਬਹੁਤ ਸਾਰਾ ਭਾਰ ਲੱਥ ਗਿਆ ਸੀ।[ii]

ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਮਰਦ ਜੋ ਜਾਤ ਪਾਤ ਦੀ ਦੀਵਾਰ ਸਾਰੇ ਮਨੁੱਖਾਂ ਦੁਆਲੇ ਬਣਾਉਂਦਾ ਹੈ। ਉਹ ਦੀਵਾਰ ਲਗਭਗ ਹਰ ਖੇਤਰ ਵਿਚ ਮੌਜੂਦ ਹੈ ਪਰ ਔਰਤ ਦਾ ਭੋਗ ਕਰਣ ਵੇਲੇ ਉਹ ਜਾਤ ਪਾਤ ਦੀ ਦੀਵਾਰ ਆਪਣੇ ਆਪ ਹੀ ਢਹਿ ਪੈਂਦੀ ਹੈ। ਉਸ ਵੇਲੇ ਔਰਤ ਸਿਰਫ ਇਕ ਭੋਗ ਕਰਣ ਦੀ ਵਸਤੂ ਹੈ। ਉਹ ਇਕ ਅਜਿਹਾ ਸ਼ਰੀਰ ਹੈ ਜਿਸਦੀ ਕੋਈ ਜਾਤ ਪਾਤ ਨਹੀਂ ਹੈ। ਪਰ ਇਸਦੇ ਨਾਲ ਹੀ ਇਹ ਵੀ ਧਿਆਨ ਦੇਣ ਯੋਗ ਹੈ ਕਿ ਔਰਤ ਲਈ ਇਹ ਦਾਇਰਾ ਅਤੇ ਇਹ ਬੰਦਸ਼ ਹਮੇਸ਼ਾਂ ਮੌਜੂਦ ਰਹਿੰਦੀ ਹੈ। ਉਹ ਆਪਣੀ ਜਾਤ ਅਤੇ ਸਮਾਜ ਦਾ ਦਾਇਰਾ ਤੋੜ ਕੇ ਬਾਹਰ ਆਉਣ ਦਾ ਜੇਰਾ ਕੱਠਾ ਨਹੀਂ ਕਰ ਪਾਉਂਦੀ:

ਆ ਕੇ ਉਹ ਟੱਟੀ ਦੇ ਨੇੜੇ ਖਲੋ ਗਈ। (ਇਹ ਉਸ ਦਾ ਇਕ ਤਰ੍ਹਾਂ ਦਾ ਇਕ ਕਿਲ੍ਹਾ ਸੀ ਜਿਥੇ ਉਹ ਆਪਣੇ ਆਪ ਨੂੰ ਸਭ ਤੋਂ ਵੱਧ ਮਹਿਫੂਜ਼ ਸਮਝਦੀ ਸੀ।[iii]

ਸ਼ਾਇਦ ਉਹ ਚੂਹੜੀ ਉਸ ਥਾਂ ਆਪਣੇ ਆਪ ਨੂੰ ਇਸੇ ਲਈ ਮਹਿਫੂਜ਼ ਸਮਝਦੀ ਹੈ ਕਿ ਅਮੀਰ ਲੋਕਾਂ ਲਈ ਉਹ ਇਕ ਪਲੀਤ ਥਾਂ ਹੈ। ਗਰੀਬਾਂ ਦਾ ਸ਼ੋਸ਼ਣ ਕਰਣ ਵਾਲੇ ਅਮੀਰ ਉਸ ਥਾਂ ਆ ਕੇ ਉਸ ਨੂੰ ਸ਼ੋਸ਼ਿਤ ਨਹੀਂ ਕਰਣਗੇ। ਪਰ ਆਪਣੀ ਗਰੀਬੀ ਅਤੇ ਬੱਚਿਆਂ ਦੇ ਢਿਡ ਵਿਚ ਰੋਟੀ ਪਾਉਣ ਦੀ ਮਜਬੂਰੀ ਵਿਚ ਔਰਤ ਨਾਂ ਚਾਹੁੰਦੇ ਹੋਏ ਵੀ ਸ਼ੋਸ਼ਿਤ ਹੋ ਰਹੀ ਹੈ। ਜਿਵੇਂ ਇਸ ਕਹਾਣੀ ਵਿਚਲੀ ਚੂੜੀ ਜਦ ਆਪਣੇ ਸਾਹਬ ਕੋਲ ਆਟਾ ਲੈਣ ਲਈ ਪੈਸੇ ਉਧਾਰ ਮੰਗਣ ਆਉਂਦੀ ਹੈ ਤਾਂ ਉਹ ਪੈਸੇ ਦੇ ਕੇ ਉਸਦੀ ਮਦਦ ਕਰਣ ਦੀ ਬਜਾਏ, ਇਕ ਤਰ੍ਹਾਂ ਨਾਲ ਉਸਦੀ ਕੀਮਤ ਪੁੱਛਦਾ ਹੈ:

ਕਿੰਨੇ ਪੈਸੇ? ਮੈਂ ਉਸ ਦਾ ਮੁੱਲ ਪੁੱਛਿਆ?[iv]

ਇੱਥੇ ਉਸ ਔਰਤ ਦੀ ਇਹ ਸਮਝਦਾਰੀ ਹੈ ਕਿ ਆਪਣੀਆਂ ਲੋੜਾਂ ਦੀ ਪੂਰਤੀ ਉਹ ਕਿਵੇਂ ਕਰੇ। ਉਸਨੂੰ ਆਪਣਾ ਦਾਇਰਾ ਆਪ ਬਣਾਉਣਾ ਹੈ, ਜਿੱਥੇ ਉਹ ਆਪਣੀਆਂ ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਵੀ ਕਰੇ ਅਤੇ ਆਪਣੇ ਆਪ ਨੂੰ ਸ਼ੋਸ਼ਿਤ ਹੋਣ ਤੋਂ ਵੀ ਬਚਾਏ। ਜਿਵੇਂ ਇਸ ਕਹਾਣੀ ਦੀ ਪਹਿਲੀ ਚੂਹੜੀ (ਮਾਂ) ਆਪਣੇ ਸਾਹਬ ਤੋਂ ਪੈਸੇ ਵੀ ਲੈਂਦੀ ਹੈ ਅਤੇ ਗੱਲਾਂ ਵੀ ਕਰਦੀ ਹੈ।ਪਰ ਉਹ ਨਿਜੀ ਸਵਾਲਾਂ ਤੋਂ ਗੁਰੇਜ ਕਰਦੀ ਹੈ ਅਤੇ ਆਪਣੇ ਮਨ ਦੀ ਦੁਨੀਆਂ ਵਿਚ ਉਸਨੂੰ ਵੜ੍ਹਨ ਨਹੀਂ ਦਿੰਦੀ । ਇੱਥੇ ਮਨ ਦੀ ਦੁਨੀਆਂ ਵੀ ਅਸਲ ਵਿਚ ਸ਼ਰੀਰਕ ਰਿਸ਼ਤਿਆਂ ਲਈ ਸੰਕੇਤਕ ਰੂਪ ਵਿਚ ਵਰਤਿਆ ਗਿਆ ਹੈ।

ਉਹ ਉਸਨੂੰ ਆਪਣੇ ਮਨ ਦੀ ਦੁਨੀਆਂ ਵਿਚ ਵੜਨ ਨਾ ਦਿੰਦੀ। ਉਸ ਚੂੜੀ ਨੇ ਉਨੀ ਹੀ ਸਾਂਝ ਪਾਈ ਜਿੰਨੀ ਕਿ ਉਸਦੀ ਜ਼ਰੂਰਤ ਪੂਰੀ ਕਰਣ ਲਈ ਜ਼ਰੂਰੀ ਸੀ। ਤੇ ਬਾਕੀ ਉਹ ਨਿਜੀ ਸਵਾਲਾਂ ਦੇ ਵਕਤ ਟਪਾਊ ਜਿਹੇ ਜਵਾਬ ਦੇ ਕੇ ਪੈਸੇ ਮੰਗ ਲੈਂਦੀ।[v]

ਆਦਮੀ ਨੂੰ ਇਹ ਵੀ ਪਤਾ ਹੈ ਕਿ ਉਹ ਚੂਹੜੀ ਉਸ ਤੋਂ ਆਪਣੀ ਜ਼ਰੂਰਤ ਪੂਰੀ ਕਰ ਰਹੀ ਹੈ। ਇਸੇ ਲਈ ਇਕ ਸਮੇਂ ਉੱਤੇ ਆ ਕੇ ਉਹ ਉਸਨੂੰ ਪੈਸੇ ਦੇਣ ਦੀ ਗੱਲ ਤੇ ਖਿਝਣਾ ਸ਼ੁਰੂ ਹੋ ਜਾਂਦਾ ਹੈ।ਇਸਦਾ ਇਕ ਕਾਰਣ ਤਾਂ ਉਸਦੀ ਰੀਝ ਦਾ ਪੂਰਾ ਨਾ ਹੋਣਾ ਹੈ ਅਤੇ ਦੂਜਾ ਕਾਰਣ ਕਮਜ਼ੋਰ ਆਰਥਿਕਤਾ ਹੈ।ਕਿਉਂਜੋ ਉਸ ਲਈ ਬਾਰ ਬਾਰ ਪੈਸੇ ਕੱਢਣਾ ਵੀ ਦਿਲ ਕਰੜਾ ਕਰਣ ਵਾਲੀ ਗੱਲ ਹੈ। ਇਸਦੇ ਉਲਟ ਜਦ ਕਈਂ ਸਾਲ ਬਾਅਦ ਉਸ ਚੂੜੀ ਦੀ ਕੁੜੀ ਉਸਦੇ ਘਰ ਕੰਮ ਕਰਣਾ ਸ਼ੁਰੂ ਕਰਦੀ ਹੈ, ਉਸ ਸਮੇਂ ਉਸ ਕੋਲ ਪੈਸੇ ਹਨ ਤੇ ਉਸਨੂੰ ਦਿਲ ਤਗੜਾ ਕਰਣ ਦੀ ਲੋੜ ਵੀ ਨਹੀਂ ਹੈ।

ਤੇ ਬਿਨਾਂ ਦਿਲ ਤਗੜਾ ਕਰਨ ਦੀ ਲੋੜ ਦੇ ਮੈਂ ਦੋ ਰੁਪਏ ਕੱਢ ਕੇ ਉਸ ਨੂੰ ਫੜਾ ਦਿੱਤੇ , ਦਿਲ ਤਗੜਾ ਕਰ ਕੇ ਉਸ ਨੇ ਰੁਪਏ ਫੜ ਲਏ।[vi]

ਇਸ ਸਥਿਤੀ ਵਿਚ ਆ ਕੇ ਦਿਲ ਤਗੜਾ ਕਰਣ ਦੀ ਲੋੜ ਵੀ ਸਿਰਫ਼ ਮਾਲਿਕ ਨੂੰ ਨਹੀਂ ਪੈ ਰਹੀ, ਚੂਹੜੀ ਲਈ ਸਥਿਤੀ ਕਈਂ ਸਾਲਾਂ ਬਾਅਦ ਵੀ ਉਸੀ ਤਰ੍ਹਾਂ ਦੀ ਬਣੀ ਹੋਈ ਹੈ। ਜਿੱਥੇ ਮਾਲਿਕ ਲਈ ਪੈਸੇ ਆ ਜਾਣ 'ਤੇ ਸ਼ੋਸ਼ਣ ਕਰਨਾ ਆਸਾਨ ਹੈ। ਉੱਥੇ ਚੂਹੜੀ ਲਈ ਅੱਜ ਵੀ ਆਟੇ ਲਈ 2 ਰੁਪਏ ਉਧਾਰ ਲੈਣਾ ਆਪਣੀ ਇੱਜ਼ਤ ਨੂੰ ਮੁੱਲ ਲਗਾਣ ਦੇ ਬਰਾਬਰ ਹੈ।

ਕਹਾਣੀਕਾਰ ਜਿੱਥੇ ਇਕ ਪਾਸੇ ਦੋਨੋ ਦੇ ਸਮਾਜਕ ਹਾਲਾਤ ਨੂੰ ਉਜਾਗਰ ਕਰ ਰਿਹਾ ਹੈ ਉੱਥੇ ਹੀ ਸਮਾਜ ਵਿਚਲੇ ਖੋਖਲੇਪਨ ਨੂੰ ਵੀ ਬਿਆਨ ਕਰ ਰਿਹਾ ਹੈ। ਅਮੀਰ ਆਦਮੀ, ਅਮੀਰੀ ਦੇ ਹੰਕਾਰ ਵਿਚ ਸ਼ੋਸ਼ਣ ਤਾਂ ਕਰ ਰਿਹਾ ਹੈ। ਪਰ ਉਸਦੇ ਨਾਲ ਹੀ ਉਸ ਲਈ ਸਮਾਜਕ ਮਰਿਆਦਾ ਦੇ ਢੋਂਗ ਨੂੰ ਬਰਕਰਾਰ ਰਖਣਾ ਵੀ ਜ਼ਰੂਰੀ ਹੈ। ਇਸੇ ਕਰਕੇ ਉਹ ਕਿਤੇ ਵੀ ਜ਼ਬਰਦਸਤੀ ਕਰਦਾ ਨਜ਼ਰ ਨਹੀਂ ਆਉਂਦਾ ਸਗੋਂ ਉਸ ਔਰਤ ਦੀ ਮਜਬੂਰੀ ਦਾ ਫਾਇਦਾ ਚੁੱਕਣ ਦੀ ਆਹਰ ਵਿਚ ਹੈ। ਉਹ ਜਿੱਥੇ ਇਕ ਪਾਸੇ ਸਮਾਜਕ ਮਰਿਆਦਾ ਨੂੰ ਭੰਗ ਨਾ ਕਰਣ ਦਾ ਦਿਖਾਵਾ ਕਰਦਾ ਹੈ, ਉੱਥੇ ਦੂਜੇ ਪਾਸੇ ਉਸੀ ਮਰਿਆਦਾ ਨੂੰ ਭੰਗ ਕਰਦਾ ਵੀ ਨਜ਼ਰ ਆਉਂਦਾ ਹੈ। ਉਸਦੀ ਕਥਨੀ ਅਤੇ ਕਰਨੀ ਦੇ ਇਸ ਦੋਗਲੇਪਨ ਨੂੰ ਵੀ ਇਹ ਕਹਾਣੀ ਬਖੂਬੀ ਉਭਾਰਦੀ ਹੈ। ਹੇਠ ਲਿਖੀਆਂ ਸਤਰਾਂ ਮਹੱਤਵਪੂਰਣ ਹਨ:

ਸਦਾਚਾਰ ਦੇ ਘੇਰੇ ਵਿਚ ਰਹਿਣ ਵਿਚ ਬੜਾ ਬਚਾਅ ਹੈ।[vii]

ਇਥੇ ਮਾਨਵੀ ਕਦਰਾਂ ਕੀਮਤਾਂ ਦੇ ਹੋ ਰਹੇ ਘਾਣ ਵਲ ਵੀ ਲੇਖਕ ਸਾਡਾ ਧਿਆਨ ਦਿਵਾਉਂਦਾ ਹੈ। ਕਹਾਣੀ ਦਾ ਪਾਤਰ ਆਪਣੀ ਤੰਗੀ ਵੇਲੇ ਵੀ ਆਪਣੀ ਇੱਛਾ ਪੂਰਤੀ ਲਈ ਪੈਸੇ ਖਰਚ ਦਿੰਦਾ ਹੈ ਪਰ ਕਿਸੀ ਦੀ ਮਦਦ ਕਰਣ ਵੇਲੇ ਉਹ ਅੱਖਾਂ ਮੀਟ ਲੈਂਦਾ। ਘਰ ਵਿਚ ਕੰਮ ਕਰਣ ਆਈ ਚੂਹੜੀ ਆਪਣੇ ਨਾਲ ਨਵਾਂ ਜੰਮਾ ਬੱਚਾ ਲੈ ਕੇ ਆਉਂਦੀ ਅਤੇ ਪੈਸੇ ਨਾ ਹੋਣ ਕਾਰਣ ਉਸਨੂੰ ਪਾਲੇ ਦੇ ਦਿਨਾਂ ਵਿਚ ਵੀ ਦੁੱਪਟੇ ਚ ਲਪੇਟ ਕੇ ਕੋਨੇ 'ਤੇ ਲਿਟਾ ਦਿੰਦੀ ਅਤੇ ਕੰਮ ਲੱਗੀ ਰਹਿੰਦੀ। ਬੱਚਾ ਪਾਲੇ ਨਾਲ ਨੀਲਾ ਹੋ ਕੇ ਰੋਈ ਜਾਂਦਾ ਤੇ ਉਹ ਕੰਮ ਲੱਗੀ ਰਹਿੰਦੀ ਪਰ ਉਸਦਾ ਮਾਲਿਕ ਇਹ ਸਭ ਦੇਖ ਨਾ ਸੱਕਣ ਕਾਰਣ ਅੱਖਾਂ ਮੀਟ ਲੈਂਦਾ ਕਿਉਂਕਿ ਅੱਖਾਂ ਖੋਲ੍ਹ ਕੇ ਸਭ ਵੇਖਣਾ ਔਖਾ ਸੀ। ਪਰ ਉਸਦੀ ਮਦਦ ਕਰਣ ਬਾਰੇ ਨਾ ਸੋਚਦਾ । ਇਹ ਵਾਕਿਆ ਮਨੁੱਖ ਦੀ ਖੁਦਗਰਜ਼ ਬਿਰਤੀ ਵਲ ਵੀ ਸਾਡਾ ਧਿਆਨ ਕੇਂਦਰਿਤ ਕਰਦਾ ਹੈ। ਇਕ ਪਾਸੇ ਚੂਹੜੀ ਦੀ ਮਜਬੂਰੀ ਹੈ ਅਤੇ ਦੂਜੇ ਪਾਸੇ ਮਾਲਿਕ ਦੀ ਖੁਦਗਰਜ਼ੀ।

ਕਹਾਣੀ ਇਸ ਗੱਲ ਵਲ ਵੀ ਸਾਡਾ ਧਿਆਨ ਕੇਂਦਰਿਤ ਕਰਦੀ ਹੈ ਕਿ ਉਦਯੋਗਿਕ ਕਰਾਂਤੀ (industrial revolution) ਦੇ ਆਉਣ 'ਤੇ ਦੇਸ਼ ਵਿਚ ਜੋ ਹਰ ਪਾਸੇ ਅਤੇ ਹਰ ਖੇਤਰ ਵਿਚ ਤਰੱਕੀ ਹੋਈ, ਉਹ ਸਿਰਫ ਉੱਚੀਆਂ ਜਾਂਤਾਂ ਲਈ ਹੀ ਹੋਈ। ਨੀਵੀਂ ਜਾਤ ਵਾਲਿਆਂ ਲਈ ਤਾਂ ਸਥਿਤੀ ਉੱਥੇ ਦੀ ਹੈ। ਇਥੇ ਇਹ ਕਹਾਣੀ ਦਮਿਤ ਲੋਕਾਂ ਦੇ ਆਰਥਿਕ ਹਾਲਾਤਾਂ ਦਾ ਵੀ ਜ਼ਿਕਰ ਕਰਦੀ ਹੈ।

ਮਾਲਕ ਸਾਲਾਂ ਵਿਚ ਅਮੀਰ ਹੋ ਗਿਆ। ਦੇਸ਼ ਵਿਚ ਤਰੱਕੀ ਅਤੇ ਪੈਸਿਆਂ ਵਿਚ ਵਾਧੇ ਦਾ ਜ਼ਿਕਰ ਵੀ ਕਹਾਣੀ ਵਿਚ ਵਿਸਥਾਰ ਸਹਿਤ ਕੀਤਾ ਗਿਆ ਹੈ। ਇੱਥੇ ਤਕ ਕਿ ਦੂਜੀ ਚੂਹੜੀ (ਧੀ) ਦੇ ਵੱਡੇ ਹੋ ਕੇ ਜਵਾਨ ਹੋਣ ਤਕ ਮਾਲਿਕ ਨੇ ਚੰਗਾ ਮਕਾਨ, ਚੰਗਾ ਫਰਨੀਚਰ (furniture) ਅਤੇ ਚੰਗਾ ਪੈਸਾ ਵੀ ਕਮਾ ਲਿਆ। ਪਰ ਚੂਹੜੀ ਦੀ ਸਥਿਤੀ ਆਟੇ ਲਈ 2 ਰੁਪਏ ਮੰਗਣ ਤੋਂ ਅੱਗੇ ਇੰਨੇ ਸਾਲਾਂ ਵਿਚ ਵੀ ਨਹੀਂ ਵਧੀ ਸਗੋਂ ਉਸਨੂੰ ਸ਼ੋਸ਼ਣ ਦੀ ਆਦਤ ਹੋ ਗਈ ਹੈ। ਇਸ ਗੱਲ ਦਾ ਸਬੂਤ ਇਹ ਹੈ ਕਿ ਮਾਲਿਕ ਦੇ ਬਿਨਾਂ ਕਾਰਣ ਉਸ ਲਈ ਮਠਿਆਈ ਲਿਆਉਣ ਦੀ ਗੱਲ ਉੱਤੇ ਚੂਹੜੀ ਦੀ ਧੀ ਹੈਰਾਨ ਨਹੀਂ ਹੋਈ। ਜਿਵੇਂ, ਉਸ ਲਈ ਇਹ ਕੋਈ ਨਵੀਂ ਗਲ ਨਾ ਹੋਵੇ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਹ ਕਹਾਣੀ ਜਿੱਥੇ ਇਕ ਪਾਸੇ ਮਾਨਵੀ ਕਦਰਾਂ ਕੀਮਤਾਂ ਦੇ ਘਾਣ ਦੀ ਗੱਲ ਕਰਦੀ ਹੈ, ਉੱਥੇ ਦੂਜੇ ਪਾਸੇ ਗਰੀਬ ਤਬਕੇ ਅਤੇ ਨੀਵੀਂ ਜਾਤ ਦੀਆਂ ਔਰਤਾਂ ਦੇ ਹੋ ਰਹੇ ਆਰਥਿਕ ਅਤੇ ਜਿਨਸੀ ਸ਼ੋਸ਼ਣ ਦਾ ਸੱਚ ਸਾਹਮਣੇ ਲਿਆਉਂਦੀ ਹੈ। ਇਸਦੇ ਨਾਲ ਹੀ ਇਹ ਕਹਾਣੀ ਮਨੁੱਖ ਦੁਆਰਾ ਕੀਤੇ ਜਾ ਰਹੇ ਸਮਾਜਕ ਮਰਿਆਦਾ ਦੇ ਉਲੰਘਣ ਅਤੇ ਮਨੁੱਖ ਦੀ ਖੁਦਗਰਜ਼ੀ ਦਾ ਵੀ ਜ਼ਿਕਰ ਕਰਦੀ ਹੈ।

ਕਹਾਣੀਕਾਰ ਨੇ ਆਪਣੀ ਕਹਾਣੀ ਰਾਹੀਂ ਉਹਨਾਂ ਪਾਤਰਾਂ ਵਲ ਸਾਡਾ ਧਿਆਨ ਦਿਵਾਇਆ ਹੈ ਜਿਹਨਾਂ ਨੂੰ ਅਸੀਂ ਆਮ ਤੌਰ ਉੱਤੇ ਗੌਲਦੇ ਵੀ ਨਹੀਂ। ਕਹਾਣੀ ਦੀ ਭਾਸ਼ਾ ਸਰਲ ਅਤੇ ਸਹਿਜ ਹੋਣ ਦੇ ਬਾਵਜੂਦ ਵੀ ਕਹਾਣੀ ਦਾ ਸੁਹਜ ਬਣਿਆ ਰਹਿੰਦਾ ਹੈ। ਪ੍ਰਤੀਕਾਤਮਕ ਸ਼ੈਲੀ ਹੋਣ ਦੇ ਨਾਲ ਨਾਲ ਕਹਾਣੀ ਵਿਚ ਥਾਂ ਥਾਂ ਤੇ ਬਰੈਕਟਾਂ ਵਿਚ ਲੇਖਕ ਦੀਆਂ ਟਿਪਣੀਆਂ ਕਹਾਣੀ ਦੀ ਥੀਮ ਨੂੰ ਜਾਦੂਮਈ ਤਰੀਕੇ ਨਾਲ ਸਾਡੇ ਸਾਹਮਣੇ ਖੋਲ ਕੇ ਰਖ ਦਿੰਦੀਆਂ ਹਨ।

## ਹਵਾਲੇ ਤੇ ਟਿਪਣੀਆਂ :

[i] ਕੁਲਵੰਤ ਸਿੰਘ ਵਿਰਕ, ਮੇਰੀਆਂ ਸ੍ਰੇਸ਼ਠ ਕਹਾਣੀਆਂ, ਪੰਨਾ 154
[ii] ਉਹੀ, ਪੰਨਾ 155
[iii] ਉਹੀ, ਪੰਨਾ 154
[iv]ਉਹੀ, ਪੰਨਾ 156
[v] ਉਹੀ
[vi] ਉਹੀ, ਪੰਨਾ 155
[vii] ਉਹੀ